# ਵੋਟਾਂ ਵੇਲੇ ਉਮੀਦਵਾਰਾਂ ਵੱਲੋਂ ਕੁੰਡਾ ਖੜਕਾਉਣਾ ਬਨਾਮ ਡੋਰ ਨੌਕਿੰਗ ਦਾ ਰਿਵਾਜ਼ ਕੀ ਹੈ



ਜਗਦੇਵ ਸਿੱਧੂ ਕੈਲਗਰੀ
403 351 1136

ਏਧਰ ਵੀ ਦੂਏ-ਤੀਏ ਸਾਲ ਕੋਈ ਨਾ ਕੋਈ ਚੋਣਾਂ ਆਈਆਂ ਰਹਿੰਦੀਆਂ ਹਨ। ਕਦੇ ਫੈਡਰਲ ਜਾਣੀ ਪਾਰਲੀਮੈਂਟ ਦੀਆਂ, ਕਦੇ ਸੂਬਾਈ ਅਸੈਂਬਲੀ ਦੀਆਂ, ਕਦੇ ਸਿਟੀ ਕੌਂਸਲ ਦੀਆਂ ਤੇ ਸਿੱਖਿਆ ਬੋਰਡਾਂ ਦੀਆਂ। ਜਿਉਂ ਹੀ ਚੋਣਾਂ ਦਾ ਬਿਗਲ ਵਜਦਾ ਹੈ, ਵਾਲੰਟੀਅਰਾਂ ਦੀਆਂ ਟੋਲੀਆਂ ਆਪੋ ਆਪਣੇ ਉਮੀਦਵਾਰਾਂ ਦੇ ਹੱਕ ਵਿਚ ਪਰਚਾਰ ਕਰਨ ਹਿਤ ਕਮਰਕੱਸੇ ਕਰ ਕੇ ਜੁਟ ਜਾਂਦੀਆਂ ਹਨ। ਆਮ ਤੌਰ ਤੇ ਅਜਿਹਾ ਘਰ ਘਰ ਜਾ ਕੇ ਕੀਤਾ ਜਾਂਦਾ ਹੈ ਜਿਸ ਨੂੰ ਡੋਰ ਨੌਕਿੰਗ ਕਿਹਾ ਜਾਂਦਾ ਹੈ। ਕੁਛ ਹੈਰਾਨੀ ਵੀ ਹੁੰਦੀ ਹੈ ਕਿ ਡੋਰ ਨੌਕਿੰਗ ਤਾਂ ਦਰਵਾਜ਼ੇ ਤੇ ਪੁੱਠੀ ਉਂਗਲੀ ਮਾਰ ਕੇ ਖੜਕਾ ਕਰਨ ਨੂੰ ਕਿਹਾ ਜਾਂਦਾ ਹੈ ਪਰ ਅਸਲ ਵਿਚ ਅਜਿਹਾ ਨਹੀਂ ਹੁੰਦਾ। ਜਾਂ ਫਿਰ ਕੁੰਡਾ ਖੜਕਾਉਣਾ ਕਹਿ ਸਕਦੇ ਹਾਂ ਪਰ ਅਜਿਹਾ ਵੀ ਨਹੀਂ ਹੁੰਦਾ, ਕਿਉਂਕਿ ਕੁੰਡੇ ਤਾਂ ਏਧਰ ਮੁੱਦਤਾਂ ਤੋਂ ਅਲੋਪ ਹੋ ਚੁੱਕੇ ਹਨ। ਹੁਣ ਤਾਂ ਡੋਰ-ਬੈੱਲ ਤੋਂ ਕੰਮ ਲਿਆ ਜਾਂਦਾ ਹੈ ਜਿਸ ਨੂੰ ਘੰਟੀ ਖੜਕਾਉਣਾ ਜਾਂ ਵਜਾਉਣਾ ਜਾਂ ਘੰਟੀ ਮਾਰਨਾ ਕਹਿ ਸਕਦੇ ਹਾਂ।

ਖ਼ੈਰ ਕੁੰਡੇ ਖੜਕਾਉਣ ਦੀ ਗੱਲ ਕਰੀਏ ਤਾਂ ਅਜੇ ਵੀ ਪੰਜਾਬ ਦੇ ਪਿੰਡਾਂ ਦੇ ਕਈ ਘਰਾਂ ਵਿਚ ਪੁਰਾਣੇ ਦਰਵਾਜ਼ੇ ਹਨ ਜਿੰਨ੍ਹਾਂ ਤੇ ਕੁੰਡੇ ਲੱਗੇ ਹੋਏ ਹਨ। ਵੱਡਾ ਡਾਟ ਵਾਲਾ ਉੱਚਾ ਤੇ ਖੁਲ੍ਹਾ ਦਰਵਾਜ਼ਾ, ਉਸ ਵਿਚ ਲੱਕੜੀ ਦੇ ਮੋਟੇ ਫੱਟਾਂ ਵਾਲੇ ਤਖਤੇ, ਜਿੰਨ੍ਹਾਂ ਦੀ ਚੂਲ ਟੇਟੂਏ ਉੱਤੇ ਟਿਕਾਈ ਹੁੰਦੀ ਹੈ। ਇਨ੍ਹਾਂ ਤਖਤਿਆਂ ਉਪਰ ਸੰਗਲੀ ਦੀਆਂ ਅੜੀਆਂ ( ਲਿੰਕ ) ਵਰਗੇ ਕੁੰਡੇ ਲਮਕਦੇ ਹਨ। ਜਦੋਂ ਕਿਸੇ ਨੂੰ ਘਰੋਂ ਬੁਲਾਉਣਾ ਹੋਵੇ ਤਾਂ ਇਹ ਕੁੰਡਾ ਤਖਤੇ ਨਾਲ ਖੜਕਾ ਲਿਆ ਜਾਂਦਾ ਹੈ। ਸਮਾਂ ਪਾ ਕੇ ਦਰਵਾਜ਼ੇ ਭੀੜੇ ਤੇ ਨੀਵੇਂ ਹੋ ਗਏ ਤਾਂ ਤਖਤੇ ਵੀ ਛੋਟੇ ਤੇ ਪਤਲੇ ਫੱਟਿਆਂ ਦੇ ਬਣ ਗਏ। ਇਹ ਸ਼ਹਿਰਾਂ ਵਿਚ ਆਮ ਹੋਇਆ। ਪਹਿਲਾਂ ਜਦੋਂ ਡੋਰ-ਬੈੱਲ ( ਘੰਟੀਆਂ ) ਦਾ ਰਿਵਾਜ ਨਹੀਂ ਸੀ ਪਿਆ, ਇਨ੍ਹਾਂ ਦਰਵਾਜ਼ਿਆਂ ਤੇ ਹੱਥ ਦੀ ਪੁੱਠੀ ਉਂਗਲ ਦੋ-ਤਿੰਨ ਵਾਰੀ ਮਾਰ ਕੇ ਖੜਕਾ ਕੀਤਾ ਜਾਂਦਾ ਸੀ, ਜਾਂ ਕਹਿ ਲਓ ਡੋਰ-ਨੌਕਿੰਗ ਕੀਤੀ ਜਾਂਦੀ ਸੀ। ਜਿਉਂ- ਜਿਉਂ ਸਮਾ ਬਦਲਿਆ, ਘਰਾਂ ਦੇ ਬਾਹਰ ਬਿਜਲੀ ਦੇ ਸਵਿੱਚ ਲੱਗ ਗਏ ਅਤੇ ਅੰਦਰ ਘੰਟੀਆਂ ਜਾਣੀ ਬੈੱਲ। ਇਹ ਸਵਿੱਚ ਨੌਕ ਨਹੀਂ ਕੀਤੀ ਜਾਂਦੀ ਸਗੋਂ ਦੱਬਣੀ ਪੈਂਦੀ ਹੈ। ਇਹ ਘੰਟੀਆਂ ਕਈ ਤਰ੍ਹਾਂ ਦੀਆਂ ਆਵਾਜ਼ਾਂ ਵਾਲੀਆਂ ਤੇ ਇਹ ਸਵਿੱਚਾਂ (ਬਟਨ ) ਵੀ ਕਈ ਡੀਜ਼ਾਈਨਾਂ ਵਿਚ ਆ ਗਈਆਂ ਹਨ। ਹੁਣ ਤਾਂ ਸਵਿੱਚ ਦੇ ਨਾਲ ਮਾਈਕ ਵੀ ਫਿੱਟ ਹੁੰਦਾ ਹੈ, ਕੈਮਰਾ ਵੀ, ਰੀਕਾਰਡਰ ਵੀ, ਤੇ ਹੋਰ ਅਜੇ ਪਤਾ ਨਹੀਂ ਕੀ ਕੁਛ ਆਉਣ ਵਾਲਾ ਹੈ।







ਗੱਲ ਕਰਦੇ ਸਾਂ ਕੁੰਡਾ ਖੜਕਾਉਣ ਦੀ ਜਾਂਡੋਰ-ਨੌਕਿੰਗ ਦੀ, ਚਲੋ ਸਵਿੱਚ ਨੱਪਣ ਨੂੰ ਹੀ ਡੋਰ-ਨੌਕਿੰਗ ਮੰਨ ਲੈਂਦੇ ਹਾਂ, ਕਿਉਂਕਿ ਇਹ ਸ਼ਬਦ ਤਾਂ ਸਭ ਕੁਛ ਬਦਲਣ ਦੇ ਬਾਵਜੂਦ ਅੱਜ ਵੀ ਜਿਉਂ ਦਾ ਤਿਉਂ ਵਰਤਿਆ ਜਾਂਦਾ ਹੈ। ਵੈਸੇ ਡੋਰ-ਨੌਕਿੰਗ ਵੀ ਇੱਕ ਕਲਾ ਹੈ, ਵੱਖਰਾ ਦੱਸਣਯੋਗ ਤਜਰਬਾ ਹੈ। ਉਮੀਦਵਾਰ ਆਪ ਵੀ ਡੋਰ-ਨੌਕਿੰਗ ਕਰਦਾ ਹੈ ਤੇ ਉਸ ਦੇ ਹਿਮਾਇਤੀ ਟੋਲੇ ਵੀ ਕਰਦੇ ਹਨ। ਤਸਵੀਰ ਵਿਚ ਲੰਡਨ ਦਾ ਮੇਅਰ, ਜਨਾਬ ਸਾਦਿਕ ਖ਼ਾਨ ਡੋਰ-ਨੌਕਿੰਗ ਕਰਦਾ ਫਿਰਦਾ ਵਿਖਾਈ ਦੇ ਰਿਹਾ ਹੈ।ਡੋਰ-ਨੌਕਿੰਗ ਕਰਨ ਵਾਲਾ ਕੋਈ ਵੀ ਹੋਵੇ, ਆਪਾਂ ਉਸ ਨੂੰ ਕਾਰਕੁਨ ਕਹਿ ਲੈਂਦੇ ਹਾਂ। ਕਾਰਕੁਨ ਦੇ ਕੋਲ ਜਾਣਕਾਰੀ ਲਿਖਣ ਵਾਸਤੇ ਤਖਤੀ ਉਪਰ ਕਾਗਜ਼ ਹੁੰਦੇ ਹਨ, ਪੈੱਨ ਹੁੰਦਾ ਹੈ, ਫਲਾਇਰ ਹੁੰਦੇ ਹਨ, ਜਿਸ ਨੂੰ ਅਸੀਂ ਪਰਚੇ ਕਹਾਂਗੇ। ਇਹ ਪਰਚੇ ਦੋ ਤਰ੍ਹਾਂ ਦੇ ਵੀ ਹੋ ਸਕਦੇ ਹਨ-- ਇੱਕ ਤਾਂ ਚਪਟਾ, ਘਰ ਵਾਲਿਆਂ ਦੇ ਸਪੁਰਦ ਕਰਨ ਵਾਲਾ, ਤੇ ਦੂਜਾ ਬੰਦ ਦਰਵਾਜ਼ੇ ਦੇ ਬਾਹਰਲੇ ਹੱਥੇ ( ਹੈਂਡਲ, ਨੌਬ ) ਤੇ ਟੰਗਣ ਵਾਲਾ ਜੇ ਕੋਈ ਘਰ ਨਾ ਮਿਲੇ ਤਾਂ। ਇਨ੍ਹਾਂ ਪਰਚਿਆਂ ਉਪਰ ਉਮੀਦਵਾਰ ਵੱਲੋਂ ਆਪਣੇ ਬਾਰੇ ਅਤੇ ਆਪਣੇ ਏਜੰਡੇ ਬਾਰੇ ਲੁਭਾਵਣੇ ਸ਼ਬਦਾਂ ਦੀ ਇਬਾਰਤ ਹੁੰਦੀ ਹੈ, ਉਸ ਦਾ ਫੋਨ ਨੰਬਰ ਵੀ ਹੋ ਸਕਦਾ ਹੈ, ਈ-ਮੇਲ ਜਾਂ ਵੈੱਬ-ਸਾਈਟ ਦਾ ਅਤਾ-ਪਤਾ ਵੀ ਹੋ ਸਕਦਾ ਹੈ। ਇੱਕ ਖਾਸ ਪੋਜ਼ ਵਾਲੀ ਫ਼ੋਟੋ ਵੀ ਹੁੰਦੀ ਹੈ।

ਇਸ ਕਾਰਕੁਨ ਨੂੰ ਕਿਸੇ ਘਰ ਅੱਗੇ ਪਹੁਚਣ ਵੇਲੇ ਵੇਖਣਾ ਪੈਂਦਾ ਹੈ ਕਿ ਉਸ ਦਾ ਮੂਹਰਲਾ ਪਾਸਾ ( ਫਰੰਟ ਲਾਅਨ ) ਕਿਵੇਂ ਸਾਂਭਿਆ ਹੋਇਆ ਹੈ, ਪੌੜੀਆਂ ਕਿਵੇਂ ਸੁੰਭਰੀਆਂ ਸੰਵਾਰੀਆਂ ਹਨ, ਮੂਹਰਲੇ ਡੈੱਕ ਦੀ ਦਿੱਖ ਕਿਹੋ ਜਿਹੀ ਹੈ, ਇੱਥੇ ਕੀ ਕੁਛ ਖਿਲਰਿਆ ਪਿਆ ਹੈ ਜਾਂ ਸਲੀਕੇ ਨਾਲ ਰੱਖਿਆ ਹੋਇਆ ਹੈ। ਇਸ ਤੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਘਰ ਅੰਦਰਲੇ ਨਿਵਾਸੀ ਕਿਸ ਤਰ੍ਹਾਂ ਦੇ ਹੋਣਗੇ ਤੇ ਉਨ੍ਹਾਂ ਨਾਲ ਕਿਵੇਂ ਪੇਸ਼ ਆਉਣਾ ਹੈ।ਪਹਿਲਾਂ ਪੌੜੀਆਂ ਚੜ੍ਹੋ, ਦਸਤਕ ਦਿਓ ਜਾਂ ਬੈੱਲ ਮਾਰੋ, ਫੇਰ ਪੌੜੀਆਂ ਉਤਰ ਕੇ ਹੇਠਾਂ ਇੰਤਜ਼ਾਰ ਕਰੋ, ਦਰਵਾਜ਼ਾ ਖੁੱਲ੍ਹਣ ਤੇ ਫੇਰ ਪੌੜੀਆਂ ਚੜ੍ਹੋ ਤੇ ਗੱਲ ਬਾਤ ਕਰ ਕੇ ਹੇਠਾਂ ਆਓ। ਜੇ ਦਰਵਾਜ਼ਾ ਨਹੀਂ ਖੁਲ੍ਹਦਾ, ਤਾਂ ਥੋੜੀ ਦੇਰ ਉਡੀਕ ਕਰੋ, ਫੇਰ ਪੌੜੀਆਂ ਚੜ੍ਹੋ, ਪਰਚਾ ਹੈਂਡਲ ਤੇ ਟੰਗੋ ਤੇ ਥੱਲੇ ਆ ਜਾਓ। ਇੱਕ ਘਰ ਤੋਂ ਅਗਲੇ ਘਰ ਇਹੋ ਚੜ੍ਹ-ਉੱਤਰ ਦਾ ਕਾਟੋ-ਕ੍ਰਮ ਕਰਨਾ ਹੁੰਦਾ ਹੈ। ਜਦੋਂ ਦਰਵਾਜ਼ਾ ਖੁਲ੍ਹਦਾ ਹੈ ਤਾਂ ਸਾਹਮਣੇ ਆਉਣ ਵਾਲੇ \ ਵਾਲੀ ਨੂੰ ਵੇਖਣ ਸਾਰ ਅੰਦਾਜ਼ਾ ਲਾਉਣਾ ਪੈਂਦਾ ਹੈ ਕਿ ਨਮਸਤੇ, ਸਤਿ ਸ਼੍ਰੀ ਅਕਾਲ, ਸਲਾਮ-ਅਲੇਕਮ ਜਾਂ ਹਾਇ ਵਗੈਰਾ ਕਹਿ ਕੇ ਸੰਬੋਧਨ ਕਰਨਾ ਹੈ। ਇਹ ਵੀ ਤੁਰੰਤ ਭਾਂਪਣ ਦੀ ਕੋਸ਼ਿਸ਼ ਕਰਨੀ ਪੈਂਦੀ ਹੈ ਕਿ ਉਸ ਨਾਲ ਗੱਲ ਕਿਹੜੀ ਭਾਸ਼ਾ ਵਿਚ ਕਰਨੀ ਹੈ। ਕੁਛ ਗੱਲਾਂ ਦਾ ਅੰਦਾਜ਼ਾ ਦਿਖ ਤੋਂ, ਸ਼ਕਲ-ਸੂਰਤ ਤੋਂ, ਕੁਛ ਦਾ ਪਹਿਰਾਵੇ ਤੋਂ ਤੇ ਕੁਛ ਦਾ ਰੰਗ-ਨਕਸ਼ ਤੋਂ ਹੋ ਜਾਂਦਾ ਹੈ। ਕਈ ਵਾਰ ਤਾਂ ਸਭ ਅੰਦਾਜ਼ੇ ਰਲ-ਗੱਡ ਹੋ ਜਾਂਦੇ ਹਨ ਤੇ ਨਿਰਣਾ ਕਰਨਾ ਮੁਸ਼ਕਲ ਹੋ ਜਾਂਦਾ ਹੈ, ਉਸ ਸਮੇਂ ਪੁੱਛਣਾ ਪੈਂਦਾ ਹੈ - ਕੈਨ ਆਈ ਸਪੀਕ ਇੰਗਲਿਸ਼, ਹਿੰਦੀ, ਪੰਜਾਬੀ ਔਰ ਉਰਦੂ, ਪਲੀਜ਼, ਕਿਉਂਕਿ ਏਨੀ ਕੁ ਅੰਗ੍ਰੇਜ਼ੀ ਤਾਂ ਤਕਰੀਬਨ ਸਾਰੇ ਹੀ ਸਮਝਦੇ ਹਨ। ਸਾਹਮਣੇ ਵਾਲੇ \ ਵਾਲੀ ਅੱਗੇ ਪੇਸ਼ ਹੋਣ ਸਮੇਂ ਬੜਾ ਨਿਮਾਣਾ, ਮਿੱਠ-ਬੋਲਾ, ਹਸਮੁੱਖ ਜਿਹਾ ਬਨਣਾ ਪੈਂਦਾ ਹੈ। ਗੱਲੀਂ-ਗੱਲੀਂ ਅਪਣੱਤ ਜਿਹੀ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕੋਸ਼ਿਸ਼ ਹੁੰਦੀ ਹੈ ਕਿ ਸਾਹਮਣੇ ਵਾਲੇ \ ਵਾਲੀ ਦੇ ਚਿਹਰੇ ਤੇ▼ਜੀ-ਆਇਆਂ ਨੂੰ ਕਹਿਣ ਵਰਗੇ ਆਸਾਰ ਆ ਜਾਣ। ਜੇ ਕੁੱਤਾ ਵੀ ਬਾਹਰ ਆ ਜੇ, ਲਾਡੀਆਂ ਕਰਨ ਲੱਗ ਜਾਵੇ ਤਾਂ ਉਸ ਨੂੰ ਪਲੂਸਣਾ ਜ਼ਰੂਰੀ ਹੈ, ਉਂਝ ਭਾਵੇਂ ਕਦੇ ਕੁੱਤੇ ਦੇ ਨੇੜੇ ਨਾ ਗਏ ਹੋਈਏ। ਫੇਰ ਅਸਲੀ ਗੱਲ ਤੇ ਆਈਦਾ ਹੈ ਜਸ ਦਾ ਘਰ ਵਾਲਿਆਂ ਨੂੰ ਅੰਦਾਜ਼ਾ ਹੋ ਚੁੱਕਾ ਹੁੰਦਾ ਹੈ। ਦੱਸਣਾ ਪੈਂਦਾ ਹੈ ਕਿ ਫਲਾਣੀਆਂ ਚੋਣਾਂ ਹੋ ਰਹੀਆਂ ਹਨ, ਫਲਾਣੇ ਦਿਨ ਵੋਟਾਂ ਪੈਣੀਆਂ ਹਨ। ਇਹ ਧਿਮਕਾ ਉਮੀਦਵਾਰ ਹੈ। ਉਸ ਉਮੀਦਵਾਰ ਬਾਰੇ ਸੰਖੇਪ ਪਰ ਅਸਰਪਾਊ ਜਾਣਕਾਰੀ ਇਸ ਤਰ੍ਹਾਂ ਦੱਸਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸੁਨਣ ਵਾਲੇ \ ਵਾਲੀ ਦਾ ਮਨ ਪ੍ਰਭਾਵਿਤ ਕੀਤਾ ਜਾ ਸਕੇ। ਉਸ ਨੂੰ ਪਰਚਾ ਫੜਾ ਕੇ ਗ਼ੌਰ ਨਾਲ ਪੜ੍ਹਨ ਦੀ ਬੇਨਤੀ ਕੀਤੀ ਜਾਂਦੀ ਹੈ। ਜੇ ਕੋਈ ਸੁਆਲ ਹੋਣ ਤਾਂ ਉਨ੍ਹਾਂ ਦਾ ਜਵਾਬ ਦੇਣ ਲਈ ਹਰਫਨ-ਮੌਲਾ ਬਣ ਜਾਣਾ ਸਮੇਂ ਦੀ ਨਜ਼ਾਕਤ ਹੁੰਦੀ ਹੈ। ਤਸੱਲੀ ਕਰਵਾਉਣ ਦੀ ਇਉਂ ਕੋਸ਼ਿਸ਼ ਕੀਤੀ ਜਾਂਦੀ ਹੈ ਜਿਵੇਂ ਕੋਈ ਮੰਗਤਾ ਦਾਤੇ ਨੂੰ ਖ਼ੈਰ ਪਾਉਣ ਤੇ ਮਜਬੂਰ ਕਰ ਲੈਂਦਾ ਹੋਵੇ। ਜੇ ਅੱਗੋਂ ਕੌੜੇ ਜਾਂ ਖਰ੍ਹਵੇ ਬੋਲ ਸੁਨਣ ਨੂੰ ਮਿਲ ਜਾਣ ਤਾਂ ਖੰਡ ਵਰਗੇ ਸਮਝ ਕੇ ਸੁੱਕਾ ਸ਼ੁਕਰੀਆ ਕਰਨਾ ਸਿਆਣਪ ਦੀ ਨਿਸ਼ਾਨੀ ਹੈ-- ਆਈ ਐਪ੍ਰੀਸੀਏਟ, ਥੈਂਕਸ ਫਾਰ ਪਲੇਨ ਸਪੀਕਿੰਗ।





ਇੱਕ ਬਹੁਤ ਵੱਡਾ ਫ਼ਾਇਦਾ ਕਾਰਕੁਨ ਨੂੰ ਇਹ ਮਿਲਦਾ ਹੈ ਕਿ ਜਿੰਨ੍ਹਾਂ ਕੌਮੀਅਤਾਂ ਦੇ ਲੋਕਾਂ ਨੂੰ ਕਦੇ ਬੁਲਾਇਆ ਤੱਕ ਨਹੀਂ ਹੁੰਦਾ, ਜਿੰਨ੍ਹਾਂ ਨਾਲ ਕਦੇ ਵਾਹ-ਵਾਸਤਾ ਨਹੀਂ ਪਿਆ ਹੁੰਦਾ, ਜਿੰਨ੍ਹਾਂ ਦੀ ਬੋਲੀ ਤੇ ਸੁਭਾਅ ਬਾਰੇ ਕੱਖ ਪਤਾ ਨਹੀਂ ਹੁੰਦਾ, ਉਨ੍ਹਾਂ ਸਾਰਿਆਂ ਨਾਲ ਸਿੱਧਾ ਮੱਥਾ ਲਗਦਾ ਹੈ। ਭਾਂਤ-ਭਾਂਤ ਦੀਆਂ ਕੌਮੀਅਤਾਂ ਦੇ ਵੰਨ-ਸੁਵੰਨੇ ਵਾਸੀਆਂ ਨਾਲ ਗੱਲ ਬਾਤ ਕਰਨ ਦਾ ਜਾਂ ਇਉਂ ਕਹਿ ਲਓ ਆਰਜ਼ੀ ਰਾਬਤਾ ਕਾਇਮ ਕਰਨ ਦਾ ਸੁਨਹਿਰੀ ਮੌਕਾ ਮਿਲਦਾ ਹੈ। ਕਾਰਕੁਨ ਉਨ੍ਹਾਂ ਨੂੰ ਉਨ੍ਹਾਂ ਦੇ ਹੀ ਘਰ ਮੂਹਰੇ ਖੜ੍ਹ ਕੇ ਉਨ੍ਹਾਂ ਨਾਲ ਵਾਰਤਾਲਾਪ ਕਰਦਾ ਹੈ। ਗੱਲਾਂ-ਗੱਲਾਂ ਵਿਚ ਉਨ੍ਹਾਂ ਬਾਰੇ ਥੋੜਾ ਬਹੁਤ ਜਾਨਣ ਦੀ ਮੱਥਾ-ਪੱਚੀ ਕਰਦਾ ਹੈ। ਕੁਛ ਆਪਣੇ ਬਾਰੇ, ਆਪਣੇ ਸਭਿਆਚਾਰ ਬਾਰੇ ਇਸ ਤਰ੍ਹਾਂ ਦੱਸਣ ਦਾ ਜਤਨ ਕਰਦਾ ਹੈ ਜਿਸ ਨਾਲ ਸਾਂਝ ਬਣਦੀ ਹੋਵੇ ਤੇ ਅਪਣੱਤ ਪਨਪਦੀ ਹੋਵੇ। ਅੱਗੋਂ ਜੋ ਵੀ ਕਹਿਣ, ਉਸ ਦੀ ਪ੍ਰਸ਼ੰਸਾ ਕਰਨੀ ਹੀ ਠੀਕ ਰਹਿੰਦੀ ਹੈ। ਵਧੀਆ ਲਗਦਾ ਹੈ ਜਦੋਂ ਇਨ੍ਹਾਂ ਮੁਲਾਕਾਤਾਂ ਦੌਰਾਨ ਕਿਸੇ ਦੇ ਮੱਥੇ ਤਿਉੜੀ ਨਾ ਪਈ ਹੋਵੇ। ਮੁਸਕਾਨਾਂ ਵੰਡਣ ਤੋਂ ਵਧ ਕੇ ਖਿੜ-ਖਿੜਾ ਕੇ ਹੱਸਣਾ ਕਿਤੇ ਕਿਤੇ ਮਨ ਨੂੰ ਤਾਜ਼ਗੀ ਬਖ਼ਸ਼ਦਾ ਹੈ।

ਆਮ ਤਜਰਬਾ ਦਸਦਾ ਹੈ ਅਫ਼ਰੀਕਨ ਮੂਲ ਦੇ ਨਿਵਾਸੀ ਬੜੇ ਸਲੀਕੇ ਵਾਲੇ, ਸਾਦੇ, ਨਿਮਰ, ਸਭਿਅ ਤੇ ਮਿਲਣਸਾਰ ਹੁੰਦੇ ਹਨ। ਉਹ ਕਾਰਕੁਨ ਨੂੰ ਸੁਣਦੇ ਹਨ, ਜਵਾਬ ਦਿੰਦੇ ਹਨ, ਮੱਥੇ ਵੱਟ ਨਹੀਂ ਪਾਉਂਦੇ ਤੇ ਮੰਗੀ ਹੋਈ ਜਾਣਕਾਰੀ ਦੇ ਦਿੰਦੇ ਹਨ। ਨਿਰਾਸ਼ ਨਹੀਂ ਕਰਦੇ। ਕੁਦਰਤੀ ਹੈ ਕਿ ਜਿੰਨ੍ਹਾਂ ਲੋਕਾਂ ਬਾਰੇ ਤੁਸੀਂ ਕੁਛ ਨਹੀਂ ਜਾਣਦੇ, ਉਨ੍ਹਾਂ ਨਾਲ ਦੋ ਚਾਰ ਗੱਲਾਂ ਕਰ ਕੇ, ਅੱਖਾਂ ਵਿਚ ਅੱਖਾਂ ਪਾ ਕੇ , ਮੁਸਕਰਾ ਕੇ, ਹੱਸ ਕੇ ਦੋ ਪਲ ਗੁਜ਼ਾਰਦੇ ਹੋ ਤਾਂ ਉਨ੍ਹਾਂ ਪ੍ਰਤੀ ਸਤਿਕਾਰ ਉਮੜ ਹੀ ਆਉਂਦਾ ਹੈ। ਕਿੰਨਾ ਚੰਗਾ ਹੋਵੇ ਜੇ ਸਾਡੇ ਲੋਕ ਇਨ੍ਹਾਂ ਨਾਲ ਮੇਲ-ਜੋਲ ਵਧਾ ਕੇ ਸਾਂਝ ਪਾਉਣ। ਇੱਕ ਵੱਖਰੀ ਕਿਸਮ ਦਾ ਤਜਰਬਾ ਉਦੋਂ ਹੁੰਦਾ ਹੈ ਜਦੋਂ ਸਾਡੇ ਲਹਿੰਦੇ ਪੰਜਾਬ ਦੇ ਪਰ ਪੁਰਾਣੇ ਹਮ-ਵਤਨੀ, ਏਨੀ ਵਧੀਆ ਪੰਜਾਬੀ ਬੋਲਦੇ ਖੁਸ਼ ਹੋ ਕੇ ਮਿਲਦੇ ਹਨ। ਮਿੱਠੀ ਬੋਲੀ ਤੋਂ ਇਲਾਵਾ ਉਨ੍ਹਾਂ ਦਾ ਹਾਬੜਿਆਂ ਵਾਂਗ ਡੁਲ੍ਹਦਾ ਪਿਆਰ ਤੇ ਮੁਹੱਬਤ ਕੀਲ ਲੈਂਦੇ ਹਨ। ਉਸ ਵੇਲੇ ਇਹ ਕਹਿ ਕੇ ਗਲੇ ਮਿਲਣ ਨੂੰ ਜੀਅ ਕਰਦਾ ਹੈ--ਆ ਭਰਾਵਾ, ਅੱਲਾ ਨੇ ਖ਼ੈਰ ਕੀਤੀ, ਆਪਾਂ ਨੂੰ ਮਿਲਾ ਦਿੱਤਾ, ਸ਼ੁਕਰ ਹੈ ਏਧਰ ਕੋਈ ਵਾਹਘੇ ਵਰਗਾ ਬਾਰਡਰ ਨਹੀਂ। ਕੋਈ ਦਾਨਿਸ਼ਵਰ ਐਸਾ ਵੀ ਮਿਲ ਜਾਂਦਾ ਹੈ ਜੋ ਸਭਨਾਂ ਵਿਚ ਇੱਕੋ ਰੱਬ ਨੂੰ ਵੇਖਦਾ ਹੈ, ਬਾਬੇ ਨਾਨਕ ਦੀ ਗੱਲ ਕਰਦਾ ਹੈ, ਸਭ ਲਈ ਖੁਸ਼ੀਆਂ ਦੀ ਦੁਆ ਮੰਗਦਾ ਹੈ। ਉਦੋਂ ਸੋਚੀਦਾ ਹੈ ਕਿ ਪਤਾ ਨਹੀਂ ਕਿਉਂ ਅਸੀਂ ਇੱਥੇ ਸਾਂਝੀਆਂ ਸਾਹਿਤ ਜਾਂ ਸਭਿਆਚਾਰ ਸਭਾਵਾਂ ਨਹੀਂ ਬਣਾਉਂਦੇ। ਇਹ ਹੋ ਜਾਵੇ ਤਾਂ ਤਿੰਨ ਕਰੋੜ ਨਹੀਂ ਬਲ ਕਿ ਤੇਰਾਂ ਕਰੋੜ ਤੋਂ ਵੱਧ ਪੰਜਾਬੀ ਬੋਲਣ ਵਾਲੇ ਹਾਂ। ਜੋ ਮੱਧ-ਏਸ਼ੀਆਈ ਜਾਂ ਅਰਬ ਮੁਲਕਾਂ ਦੇ ਲੋਕ ਹਨ, ਉਨ੍ਹਾਂ ਨਾਲ ਥੋੜਾ ਬਹੁਤ ਹਿੰਦੀ-ਉਰਦੂ ਦਾ ਮਿਲ-ਗੋਭਾ ਜਾਂ ਟੁੱਟੀ-ਫੁੱਟੀ ਅੰਗ੍ਰੇਜ਼ੀ ਬੋਲ ਕੇ ਬੁੱਤਾ ਸਾਰ ਲਈਦਾ ਹੈ। ਉਹ ਵੀ ਨਿਰਾਸ਼ ਨਹੀਂ ਕਰਦੇ।

ਅਣਸਰਦੇ ਨੂੰ ਅੰਗ੍ਰੇਜ਼ੀ ਨੂੰ ਵੀ ਮੂੰਹ ਮਾਰਨਾ ਪੈਂਦਾ ਹੈ। ਜਿਨ੍ਹਾਂ ਦੀ ਆਪਣੀ ਬੋਲੀ ਪਿਛੋਕੜ ਦੇ ਮੁਤਾਬਕ ਵਿਲੱਖਣ ਹੈ, ਉਨ੍ਹਾਂ ਨਾਲ ਅੰਗ੍ਰੇਜ਼ੀ ਰਾਬਤਾ ਬਣਾ ਦਿੰਦੀ ਹੈ। ਇੱਕ ਦੋ ਏਸ਼ੀਆਈ-ਪੈਸਿਫਿਕ ਮੁਲਕਾਂ ਦੇ ਵਾਸੀ ਕੋਵਿਡ ਨੇ ਏਨੇ ਡਰਾਏ ਹੋਏ ਹਨ ਕਿ ਉਹ ਵਿਚਾਰੇ ਦਰਵਾਜ਼ਾ ਤਾਂ ਖੋਲ੍ਹਦੇ ਹਨ ਪਰ ਏਨਾ ਕੁ ਜਿਸ ਵਿਚ ਦੀ ਹਵਾ ਜਾਂ ਆਵਾਜ਼ ਮਸਾਂ ਸਰਕ ਸਕੇ। ਮਹਾਂਮਾਰੀ ਦੀ ਅਖਾਉਤੀ ਚੌਥੀ ਵੇਵ ਨੇ ਸਾਡੀ ਸਾਰਿਆਂ ਦੀ ਮੱਤ ਮਾਰ ਰੱਖੀ ਹੈ। ਸੋ ਪ੍ਰਹੇਜ਼ ਵਿਚ ਹੀ ਬਚਾਅ ਹੈ। ਫੇਰ ਵੀ ਉਹ ਗੱਲ ਸੁਣਦੇ ਹਨ, ਅੱਧ-ਪਚੱਧ ਜਾਣਕਾਰੀ ਦੇ ਦਿੰਦੇ ਹਨ, ਪਰਚਾ ਲੈ ਲੈਂਦੇ ਹਨ।


ਚੜ੍ਹਦੇ ਪੰਜਾਬ ਨਾਲ ਤਾਂ ਪਿੰਡਾਂ ਤੱਕ, ਜਾਣ-ਪਛਾਣ ਕੱਢਣ ਤੱਕ ਖੁੱਲ੍ਹ ਕੇ ਗੱਲਾਂ ਹੋ ਜਾਂਦੀਆਂ ਹਨ। ਅੰਗਲੀਆਂ-ਸੰਗਲੀਆਂ ਫਰੋਲ ਲੈਂਦੇ ਹਨ। ਚਾਹ-ਪਾਣੀ, ਰੋਟੀ-ਟੁੱਕ ਦੀ ਸੇਵਾ ਵੀ ਪੁਛਦੇ ਹਨ। ਗੋਰੇ ਗੋਰੀਆਂ ਬਾਰੇ ਇਹ ਹੈ ਕਿ ਉਹ ਸਪਸ਼ਟ ਗੱਲ ਕਰਦੇ ਹਨ। ਉਨ੍ਹਾਂ ਦੇ ਬੁੱਲ੍ਹਾਂ ਤੇ ਕੁਦਰਤੀ ਮੁਸਕਾਨ ਹੁੰਦੀ ਹੈ। ਬੜਾ ਖੁੱਲ੍ਹ ਕੇ ਮਿਲਦੇ ਹਨ। ਉਹ ਗੱਲਾਂ ਵਿਚ ਆਉਣ ਦੀ ਬਜਾਏ ਆਪਣੇ ਤੌਰ ਤੇ ਉਮੀਦਵਾਰ ਬਾਰੇ ਜਾਨਣ ਨੂੰ ਤਰਜੀਹ ਦਿੰਦੇ ਹਨ। ਉਹ ਮੁੱਦੇ ਅਤੇ ਨੀਤੀ ਦੀ ਗੱਲ ਕਰਦੇ ਹਨ।

ਇੱਕ ਪੱਖ ਹੋਰ। ਇਨ੍ਹਾਂ ਪਰਚਾ-ਵੰਡ ਜਾਂ ਕੁੰਡੇ ਖੜਕਾਉਣੇ ਕਾਰਕੁਨਾ ਕੋਲ ਉਮੀਦਵਾਰ ਦੇ ਨਿਸ਼ਾਨ - ਸਾਈਨ - ਵੀ ਹੁੰਦੇ ਹਨ। ਛੋਟੇ ਸਾਈਨ ਘਰਾਂ ਦੇ ਮੂਹਰੇ ਘਾਹ ਵਿਚਲੀ ਥਾਂ ਤੇ ਗੱਡੇ ਜਾਂਦੇ ਹਨ। ਵੱਡੇ ਸਾਈਨ ਫੈਂਸ ਜਾਂ ਵਾਗਲੇ ਤੇ ਲਾਏ ਜਾਂਦੇ ਹਨ ਤੇ ਜਾਂ ਮੁੱਖ ਮੋੜਾਂ ਤੇ ਟਿਕਾਏ ਜਾਂਦੇ ਹਨ। ਇਹ ਨਿਸ਼ਾਨ ਘਰ ਵਾਲਿਆਂ ਦੀ ਸਹਿਮਤੀ ਨਾਲ ਹੀ ਲਗਦੇ ਹਨ।

ਇਸ ਡੋਰ-ਨੌਕਿੰਗ ਦੀ ਜਮਹੂਰੀ ਪ੍ਰਣਾਲੀ ਅੰਦਰ ਏਨੀ ਮਹੱਤਤਾ ਹੈ ਕਿ ਇਸ ਵਿਚ ਰਾਜਨੀਤਕ ਉਥਲ-ਪੁਥਲ ਕਰਨ ਦੀ ਸਮਰੱਥਾ ਹੈ। ਇੱਕ ਢੁਕਵੀਂ ਮਿਸਾਲ ਦੇਣੀ ਉਚਿਤ ਰਹੇਗੀ। ਅਮਰੀਕਾ ਵਿਚ ਇਸ ਵੇਲੇ ਸੈਨੇਟ ਦਾ ਬਹੁਗਿਣਤੀ ਲੀਡਰ ( ਡਿਮੌਕ੍ਰੈਟ ) ਚੱਕ ਸ਼ੂਮਰ ਲਿਖਦਾ ਹੈ ਕਿ ਜਦੋਂ ਉਹ ਹਾਵਰਡ ਵਿਖੇ ਪੜ੍ਹਾਈ ਕਰ ਰਿਹੀ ਸੀ ਤਾਂ ਪ੍ਰੈਜ਼ੀਡੈਂਟ ਲਿੰਡਨ ਬੀ. ਜੌਹਨਸਨ ਉਮੀਦਵਾਰ ਸੀ। ਉਸ ਦੇ ਟਾਕਰੇ ਤੇ ਉਮੀਦਵਾਰੀ ਲਈ ਯੂਜੀਨ ਮੈਕਕਾਰਥੀ ਸੀ। ਸ਼ੂਮਰ ਹਾਵਰਡ ਯੰਗ ਡਿਮੌਕ੍ਰੈਟਸ ਵਿਚ ਸ਼ਾਮਲ ਹੋ ਗਿਆ। ਸ਼ੂਮਰ ਵੀਅਤਨਾਮ ਜੰਗ ਦੇ ਖਿਲਾਫ਼ ਆਵਾਜ਼ ਬਣ ਕੇ ਮੈਕਕਾਰਥੀ ਦੀ ਚੋਣ ਮੁਹਿੰਮ ਵਿਚ ਵਾਲੰਟੀਅਰ ( ਕਾਰਕੁਨ ਕਹਿ ਲਵੋ ) ਬਣ ਕੇ ਡੋਰ-ਨੌਕਿੰਗ ਕਰਦਾ ਰਿਹਾ। ਉਹ ਹਰ ਰੋਜ਼ ਬਸ ਤੇ ਚੜ੍ਹ ਕੇ ਹੈਂਪਸ਼ਾਇਰ ਜਾ ਕੇ ਕੁੰਡੇ ਖੜਕਾਉਂਦਾ ਜਾਣੀ ਡੋਰ-ਨੌਕਿੰਗ ਕਰਦਾ। ਨਤੀਜਾ ਇਹ ਹੋਇਆ ਕਿ ਮੈਕਕਾਰਥੀ ਪ੍ਰਾਇਮਰੀ ਦੀ ਚੋਣ ਵਿਚ ਦੂਜੇ ਨੰਬਰ ਤੇ ਅੱਪੜ ਗਿਆ। ਘਬਰਾ ਕੇ ਜੌਹਨਸਨ ਨੂੰ ਐਲਾਨ ਕਰਨਾ ਪਿਆ ਕਿ ਉਹ ਦੋਬਾਰਾ ਚੋਣ ਨਹੀਂ ਲੜੇਗਾ। ਸ਼ੂਮਰ ਦਸਦਾ ਹੈ ਕਿ ਉਦੋਂ ਉਸ ਨੂੰ ਇਹ ਸੋਝੀ ਪਈ ਕਿ ਇਤਿਹਾਸ ਨੂੰ ਮੋੜਾ ਦੇਣ ਲਈ ਸਿਆਸੀ ਸਰਗਰਮੀ ਦੀ ਕਿੰਨੀ ਅਹਿਮੀਅਤ ਹੈ। ਖਿੰਡੇ-ਪੁੰਡੇ ਵਿਦਿਆਰਥੀਆਂ ਅਤੇ ਅਨਜਾਣਾਂ ਦੇ ਇੱਕ ਟੋਲੇ ਨੇ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਆਦਮੀ ਨੂੰ ਲਾਹ ਕੇ ਰੱਖ ਦਿੱਤਾ ਹੈ।

ਜਿਤਨੇ ਅਸਰਦਾਰ ਤਰੀਕੇ ਨਾਲ ਇਹ ਕੁੰਡੇ ਖੜਕਾਉਣਾ ਨਿਭਾਇਆ ਜਾਵੇ, ਓਨਾ ਹੀ ਉਮੀਦਵਾਰ ਦੇ ਹੱਕ ਵਿਚ ਜਾਂਦਾ ਹੈ। ਵੋਟਰਾਂ ਦੇ ਮਨ ਬਦਲਣ ਵਿਚ ਸਹਾਈ ਹੁੰਦਾ ਹੈ, ਉਨ੍ਹਾਂ ਦੁਆਰਾ ਫੈਸਲਾ ਲੈਣ ਵਿਚ ਮਦਦ ਕਰਦਾ ਹੈ ਅਤੇ ਵੋਟਰਾਂ ਨੂੰ ਦੋ-ਚਿੱਤੀ ਵਿੱਚੋਂ ਕੱਢਣ ਦਾ ਸਬੱਬ ਬਣਦਾ ਹੈ। ਸਾਰੇ ਕਾਰਕੁਨ ਉਪ੍ਰੋਕਤ ਵਿਧੀ ਅਨੁਸਾਰ ਤਾਂ ਨਹੀਂ ਵਿਚਰਦੇ ਹੋਣੇ, ਮੇਰੇ ਵਰਗੇ ਨੂੰ ਅਜਿਹਾ ਖਬਤ ਬਾਹਵਾ ਰਾਸ ਆਉਂਦਾ ਹੈ। ਜਿਨ੍ਹਾਂ ਘਰਾਂ ਦੀ ਸਵਿੱਚ ਟੁੱਟੀ ਜਾਂ ਖਰਾਬ ਹੁੰਦੀ ਹੈ, ਉਨ੍ਹਾਂ ਘਰਾਂ ਵਿਚ ਅਸਲੀ ਮਾਅਨਿਆਂ ਵਿਚ ਡੋਰ-ਨੌਕਿੰਗ ਕੰਮ ਆਉਂਦੀ ਹੈ। ਪਰ ਕੁੰਡਾ ਖੜਕਾਉਣ ਦੀ ਰੀਝ ਅੰਦਰੇ ਦੱਬ ਕੇ ਰਹਿ ਜਾਂਦੀ ਹੈ। ਕਿਤਨਾ ਬਦਲ ਗਿਆ ਜ਼ਮਾਨਾ।

## ਅਲਬਰਟਾ ਵਿਧਾਨਸਭਾ ਅੰਦਰ ਹੁਣ ਸਿਰਫ ਟੀਕੇ ਲੱਗੇ ਹੋਏ ਐਮ ਐਲ ਏ ਹੀ ਜਾ ਸਕਣਗੇ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿਧਾਨਸਭਾ ਵਿੱਚ ਗਵਰਨਮੈਂਟ ਹਾਉਸ ਲੀਡਰ ਜੇਸਨ ਨਿਕਸਨ ਨੇ ਕਿਹਾ ਹੈ ਕਿ ਵਿਧਾਨਸਭਾ ਵਿੱਚ ਜਾਣ ਵਾਲੇ ਹਰੇਕ ਵਿਅਕਤੀ ਵਾਸਤੇ ਵੈਕਸਿਨ ਲੱਗੀ ਹੋਣੀ ਲਾਜ਼ਿਮ ਕਰ ਦਿੱਤੀ ਗਈ ਹੈ। ਵਿਧਾਨਸਭਾ ਦਾ ਸੈਸ਼ਨ 25 ਅਕਤੂਬਰ ਤੋਂ ਸ਼ੁਰੂ ਹੋ ਰਿਹਾ ਹੈ ਤੇ ਸਾਰੇ ਵਿਧਾਨਕਾਰਾਂ ਨੂੰ ਕਿਹਾ ਗਿਆ ਹੈ ਕਿ ਬਾਕੀ ਸਰਕਾਰੀ ਕਰਮਚਾਰੀਆਂ ਵਾਂਗ ਉਹਨਾਂ ਨੂੰ ਵੀ ਵੈਕਸਿਨ ਲੈਣੀ ਜ਼ਰੂਰੀ ਹੋਵੇਗੀ। ਨਿਕਸਨ ਨੇ ਦੱਸਿਆ ਕਿ ਇੱਕ ਵਿਧਾਇਕ ਨੂੰ ਛੱਡ ਕੇ ਸਾਰੇ ਸਰਕਾਰੀ ਵਿਧਾਨਕਾਰਾਂ ਦੇ ਘੱਟੋ ਘੱਟ ਇੱਕ ਇੰਜੈਕਸ਼ਨ ਲੱਗ ਚੁੱਕਿਆ ਹੈ। 56 ਵਿਧਾਇਕਾਂ ਦੇ ਦੋ-ਦੋ ਇੰਜੈਕਸ਼ਨ ਲੱਗ ਚੁੱਕੇ ਹਨ। 3 ਦੇ ਇੱਕ ਟੀਕਾ ਲੱਗਿਆ ਹੈ ਤੇ ਸੈਸ਼ਨ ਤੋਂ ਪਹਿਲਾਂ ਦੋਵੇਂ ਟੀਕੇ ਲੱਗ ਜਾਣਗੇ। ਇੱਕ ਵਿਧਾਇਕ ਦੀ ਮੈਡਿਕਲ ਪ੍ਰੋਸੈਸ ਚੱਲ ਰਹੀ ਹੈ। ਐਨਡੀਪੀ ਦਾ ਕਹਿਣਾ ਹੈ ਕਿ ਉਹਨਾਂ ਦੇ ਸਾਰੇ ਵਿਧਾਇਕਾਂ ਦੇ ਦੋ-ਦੋ ਇੰਜੈਕਸ਼ਨਜ਼ ਲੱਗ ਚੁੱਕੇ ਹਨ। ਨਵੀਂ ਪੌਲਿਸੀ ਮੁਤਾਬਿਕ ਜਿਸ ਐਮਐਲਏ ਦੇ ਵੈਕਸਿਨ ਨਹੀਂ ਲੱਗੀ ਹੈ ਉਸ ਨੂੰ 72 ਘੰਟੇ ਦੇ ਅੰਦਰ ਅੰਦਰ ਕਰਵਾਏ ਟੈਸਟ ਦੀ ਨੈਗੇਟਿਵ ਰਿਪੋਰਟ ਦਿਖਾਉਣੀ ਪਵੇਗੀ।

## ਫੌਜ ਦੇ ਡਾਕਟਰ ਅਲਬਰਟਾ ਸੂਬੇ ਅੰਦਰ ਮੱਦਦ ਲਈ ਪੁੱਜੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੇਸ਼ ਦੇ ਡਿਫੈਂਸ ਮਨਿਸਟਰ ਹਰਜੀਤ ਸੱਜਣ ਦਾ ਕਹਿਣਾ ਹੈ ਕਿ ਫੌਜ ਤੋਂ 8 ਕ੍ਰਿਟਿਕਲ ਕੇਅਰ ਨਰਸਿਜ਼ ਨੂੰ ਐਲਬਰਟਾ ਭੇਜ ਦਿੱਤਾ ਗਿਆ ਹੈ ਜਿਹਨਾਂ ਦੀ ਸੂਬੇ ਵਿੱਚ ਕੋਵਿਡ-19 ਨਾਲ ਨਜਿੱਠਣ ਵਿੱਚ ਸਹਾਇਤਾ ਲਈ ਜਾਵੇਗੀ। ਪਬਲਿਕ ਸੇਫ਼ਟੀ ਕੈਨੇਡਾ ਦਾ ਕਹਿਣਾ ਹੈ ਕਿ ਉਹਨਾਂ ਵੱਲੋਂ 20 ਮੈਡਿਕਲ ਪ੍ਰੋਫੈਸ਼ਨਲਜ਼ ਭੇਜੇ ਗਏ ਹਨ ਜਿਹਨਾਂ ਵਿੱਚੋਂ ਕੁਝ ਆਈਸੀਯੂ ਮਾਹਿਰ ਹਨ ਤੇ ਉਹਨਾਂ ਵੱਲੋਂ ਹਸਪਤਾਲਾਂ ਦੇ ਆਈਸੀਯੂ'ਜ਼ ਵਿੱਚ ਸਹਾਇਤਾ ਦਿੱਤੀ ਜਾਵੇਗੀ। ਇਸ ਨੂੰ ਔਪਰੇਸ਼ਨ ਲੇਜ਼ਰ ਦਾ ਨਾਮ ਦਿੱਤਾ ਗਿਆ ਹੈ। ਮਨਿਸਟਰ ਸੱਜਣ ਨੇ ਦੱਸਿਆ ਕਿ ਜਦੋਂ ਤੋਂ ਪੈਨਡੈਮਿਕ ਸ਼ੁਰੂ ਹੋਇਆ ਹੈ, ਦੇਸ਼ ਵਿੱਚ ਇਸ ਤਰ੍ਹਾਂ ਦੀ ਸਹਾਇਤਾ ਵਾਸਤੇ 65 ਬੇਨਤੀਆਂ 'ਤੇ ਕੰਮ ਕੀਤਾ ਗਿਆ ਹੈ।

ਕੈਲਗਰੀ ਵਿੱਚ ਸਰੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



